ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਉਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।

7-21 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਠੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ ਫਿਰੋਜਪੁਰ ।

22-27 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

28 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ

ਮੀਮੋ ਨੰ: ਟੀ ਈ /ਸਕਾਲਰਸ਼ਿਪ /ਵੈਬ ਪੋਰਟਲ 303 ਮਿਤੀ 27-5-15

ਵਿਸ਼ਾ - ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਟੂਡੈਂਟਸ ਸਕੀਮ ਅਧੀਨ ਸਾਲ 2014-15 ਦੌਰਾਨ ਜਾਰੀ ਰਾਸ਼ੀ ਦੀ ਵੰਡ ਅਤੇ ਐਸ.ਸੀ ਸਟੂਡੈਂਟਸ ਸਕੀਮ ਨੂੰ ਲਾਗੂ ਕਰਨ ਸਬੰਧੀ।

ਇਸ ਪੱਤਰ ਰਾਹੀਂ ਆਪ ਨੂੰ ਭਲਾਈ ਵਿਭਾਗ ਪਾਸੋਂ ਪ੍ਰਾਪਤ ਹੋਏ ਪੱਤਰ ਸ-17/8416-21 ਅਤੇ ਪੱਤਰ ਨੰ: ਸ -17/8422-27 ਮਿਤੀ 28-04-2015 ਭੇਜਦੇ ਹੋਏ ਬੇਨਤੀ ਹੈ ਕਿ ਇਹਨਾਂ ਪੱਤਰਾਂ ਰਾਹੀਂ ਭਲਾਈ ਵਿਭਾਗ ਵੱਲੋਂ ਭੇਜੀਆਂ ਹਦਾਇਤਾਂ ਨੂੰ ਆਪਦੀ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਵਿੱਚ ਇੰਨ ਬਿੰਨ ਪਾਲਣਾ ਕਰਨਾਂ ਯਕੀਨੀ ਬਣਾਇਆ ਜਾਵੇ ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ /ਉਪਰੋਕਤ ਅਨੁਸਾਰ

ਪਿੱਠ ਅੰਕਣ ਨੰ: ਟੀ ਈ /ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜ਼ਾਂਦਾ ਹੈ।

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ,ਭਲਾਈ ਵਿਭਾਗ ਪੰਜਾਬ, ਐਸ .ਸੀ.ਓ ਨੰ: 128-129, ਸੈਕਟਰ 34-ਏ, ਚੰਡੀਗੜ ਨੂੰ ਉਹਨਾਂ ਦੇ ਹਵਾਲਾ ਅਧੀਨ ਪੱਤਰ ਸ-17/8416-21 ਅਤੇ ਪੱਤਰ ਨੰ: ਸ -17/8422-27 ਮਿਤੀ 28-04-2015 ਦੇ ਹਵਾਲੇ ਵਿੱਚ

2 ਪ੍ਰੋਗਰਾਮਰ ਕੰਪਿਉਟਰ ਸੈਕਸ਼ਨ (ਮੁੱਖ ਦਫਤਰ) ਨੂੰ ਸਹਿ ਪੱਤਰਾਂ ਸਮੇਤ ਵਿਭਾਗ ਦੀ ਵੈਬ ਸਾਇਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ ਉਪਰੋਕਤ ਅਨੁਸਾਰ ।

ਡਾਇਰੈਕਟੋਰੇਟ
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ
ਐਸ.ਸੀ.ਓ. ਨੰ: 128-129, ਸੈਕਟਰ 34ਏ, ਚੰਡੀਗੜ੍ਹ

ਸੇਵਾ ਵਿਖੇ

1. ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ, ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਕਾਲਜਿਜ), ਪੰਜਾਬ, ਚੰਡੀਗੜ੍ਹ
3. ਡੀ.ਪੀ.ਆਈ. (ਸਕੂਲਜ), ਐਸ.ਏ.ਐਸ. ਨਗਰ
4. ਡਾਇਰੈਕਟਰ ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ, ਚੰਡੀਗੜ੍ਹ
5. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ, ਐਸ.ਏ.ਐਸ. ਨਗਰ
6. ਡਾਇਰੈਕਟਰ ਐਨੀਮਲ ਹਸਬੈਂਡਰੀ, ਪੰਜਾਬ, ਚੰਡੀਗੜ੍ਹ

ਮੀਮੋ ਨੰ: ਸ-17 8416-21
ਮਿਤੀ ਚੰਡੀਗੜ੍ਹ: 28/4/15

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2014-15 ਦੌਰਾਨ ਜਾਰੀ ਰਾਸ਼ੀ ਦੀ ਵੰਡ ਬਾਰੇ।

ਉਪਰੋਕਤ ਸਕੀਮ ਤਹਿਤ ਸਾਲ 2014-15 ਦੌਰਾਨ ਆਪ ਵੱਲੋਂ ਆਪ ਦੇ ਵਿਭਾਗ ਨਾਲ ਸਬੰਧਤ ਸੰਸਥਾਵਾਂ ਦੇ ਪ੍ਰਾਪਤ ਹੋਏ ਕਲੇਮ ਦੇ ਅਧਾਰ ਤੇ ਉਨਾ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਫੀਸ ਰਾਸ਼ੀ ਜਾਰੀ ਕੀਤੀ ਗਈ ਹੈ। ਇਹਨਾਂ ਸੰਸਥਾਵਾਂ ਦੁਆਰਾ ਭਲਾਈ ਵਿਭਾਗ ਤੋਂ ਯੋਗ ਵਿਦਿਅਰਥੀਆਂ ਦੀਆਂ ਫੀਸਾਂ ਦਾ ਕਲੇਮ ਕੀਤਾ ਗਿਆ ਸੀ, ਜੋ ਸੰਸਥਾਵਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰ ਦਿਤਾ ਗਿਆ ਹੈ। ਮਿਤੀ 22-07-2014 ਦੀਆਂ ਹਦਾਇਤਾਂ ਦੇ ਬਾਵਜੂਦ ਕੁਝ ਸੰਸਥਾਵਾਂ ਵੱਲੋਂ ਦਾਖਲੇ ਸਮੇਂ ਯੋਗ ਵਿਦਿਆਰਥੀਆਂ ਤੋਂ ਫੀਸਾਂ ਲੈ ਲਈਆਂ ਹਨ, ਅਤੇ ਉਹੀ ਫੀਸਾਂ ਭਲਾਈ ਵਿਭਾਗ ਤੋਂ ਵੀ ਪ੍ਰਾਪਤ ਕੀਤੀਆਂ ਹਨ। ਉਹਨਾਂ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਵੇ ਕਿ ਅਜਿਹੇ ਯੋਗ ਵਿਦਿਆਰਥੀਆਂ ਤੋਂ ਲਈਆਂ ਫੀਸਾਂ ਤੁਰੰਤ ਵਾਪਿਸ ਕੀਤੀਆਂ ਜਾਣ।

ਸੰਸਥਾਵਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਵਿਦਿਆਰਥੀ ਸਕੀਮ ਤਹਿਤ ਲਾਭ ਲੈਣ ਵਾਲੇ ਵਿਦਿਆਰਥੀਆਂ ਦੀਆਂ ਲਿਸਟਾਂ ਅਤੇ ਉਨ੍ਹਾਂ ਦੇ ਵਾਸਤੇ ਸਰਕਾਰ ਵੱਲੋਂ ਇਸ ਸਕੀਮ ਤਹਿਤ ਜਾਰੀ ਕੀਤੀ ਗਈ ਰਾਸ਼ੀ ਬਾਰੇ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਲਿਆਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਆਪਣਾ ਕਲੇਮ ਸਪਸ਼ਟ ਹੋ ਸਕੇ।

ਡਾਇਰੈਕਟਰ

102 (ਅੰਕ)
29-04-2015

ਡਾਇਰੈਕਟੋਰੇਟ
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ
ਐਸ.ਸੀ.ਓ. ਨੰ: 128-129, ਸੈਕਟਰ 34ਏ, ਚੰਡੀਗੜ੍ਹ

ਸੇਵਾ ਵਿਖੇ

1. ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ, ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਕਾਲਜਿਜ), ਪੰਜਾਬ, ਚੰਡੀਗੜ੍ਹ
3. ਡੀ.ਪੀ.ਆਈ. (ਸਕੂਲਜ), ਐਸ.ਏ.ਐਸ. ਨਗਰ
4. ਡਾਇਰੈਕਟਰ ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ, ਚੰਡੀਗੜ੍ਹ
5. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ, ਐਸ.ਏ.ਐਸ. ਨਗਰ
6. ਡਾਇਰੈਕਟਰ ਐਨੀਮਲ ਹਸਬੈਂਡਰੀ, ਪੰਜਾਬ, ਚੰਡੀਗੜ੍ਹ

ਮੀਮੋ ਨੰ: ਸ-17 8422-27
ਮਿਤੀ ਚੰਡੀਗੜ੍ਹ: 28/4/2015

ਵਿਸ਼ਾ:- **ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਨੂੰ ਲਾਗੂ ਕਰਨ ਸਬੰਧੀ।**

ਉਪਰੋਕਤ ਸਕੀਮ ਆਸ਼ੀਰਵਾਦ ਪੋਰਟਲ ਤੇ ਆਨ-ਲਾਈਨ ਲਾਗੂ ਹੈ ਜਿਸ ਵਿੱਚ ਆਪ ਵੱਲੋਂ ਵੱਖ-ਵੱਖ ਸੈਂਕਸ਼ਨ ਅਥਾਰਟੀਆਂ ਨਾਮਜਦ ਕੀਤੀਆਂ ਹਨ ਜੋ ਸਬੰਧਤ ਸੰਸਥਾਵਾਂ ਦੇ ਸਮੂਹ ਕਲੇਮ ਨੂੰ ਸਕੀਮ ਦੇ ਨਿਯਮਾਂ ਅਨੁਸਾਰ ਸੈਂਕਸ਼ਨ (Sanction) ਕਰਨ ਲਈ ਅਧਿਕਾਰਤ ਹਨ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਗਲਤ ਡਾਟਾ ਦੇ ਆਧਾਰ ਤੇ ਕੋਈ ਵੀ ਕਲੇਮ ਸੈਂਕਸ਼ਨ ਅਥਾਰਟੀ ਵੱਲੋਂ ਪ੍ਰਵਾਨ ਨਾ ਕੀਤੇ ਜਾਣ। ਲਾਗੂ ਕਰਤਾ ਵਿਭਾਗ ਯੋਗ ਵਿਦਿਆਰਥੀਆਂ ਦੀਆਂ ਸਿਫਾਰਸ਼ਾ ਭੇਜਣ ਸਮੇਂ ਇਹ ਤਸਦੀਕ ਕਰਨ ਕਿ ਉਹਨਾਂ ਅਧੀਨ ਸੈਂਕਸ਼ਨ ਅਥਾਰਟੀ ਵੱਲੋਂ ਭੇਜੀਆਂ ਸਿਫਾਰਸ਼ਾ ਸਕੀਮ ਦੇ ਨਿਯਮਾਂ ਅਨੁਸਾਰ ਹਨ ਜਿਸ ਨੂੰ ਉਹ ਤਸਦੀਕ ਕਰਦੇ ਹਨ। ਅੱਗੇ ਤੋਂ ਜੋ ਵੀ ਡਾਟਾ ਭੇਜਿਆ ਜਾਵੇ ਨਿਯਮਾਂ ਅਨੁਸਾਰ ਤਸਦੀਕ ਕਰਕੇ ਭੇਜੀਆ ਜਾਵੇ।

ਮਿਤੀ 01-04-2015 ਨੂੰ ਹੋਈ ਮਿਟਿੰਗ ਵਿੱਚ ਮੰਗੀ ਗਈ ਸੂਚਨਾ 15-04-2015 ਤੱਕ ਭੇਜਣ ਲਈ ਕਿਹਾ ਗਿਆ ਹੈ ਜੋ ਅੱਜ ਤੱਕ ਪ੍ਰਾਪਤ ਨਹੀਂ ਹੋਈ। ਇਹ ਸੂਚਨਾ ਤੁਰੰਤ ਭੇਜਣ ਦੀ ਖੇਚਲ ਕੀਤੀ ਜਾਵੇ।

ਡਾਇਰੈਕਟਰ